**ਤਿਲੰਗ ਮਹਲਾ ੯ ॥ ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥ ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥੧॥ ਰਹਾਉ ॥ ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ॥ ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ॥੧॥ ਜੀਵਤ ਲਉ ਬਿਉਹਾਰੁ ਹੈ ਜਗ ਕਉ ਤੁਮ ਜਾਨਉ ॥ ਨਾਨਕ ਹਰਿ ਗੁਨ ਗਾਇ ਲੈ ਸਭ ਸੁਫਨ ਸਮਾਨਉ ॥੨॥੨॥ {ਪੰਨਾ 726}**

ਪਦਅਰਥ:- ਜਾਗ ਲੇਹੁ—ਹੋਸ਼ ਕਰ, ਸੁਚੇਤ ਹੋ। ਕਹਾ—ਕਿਉਂ? ਗਾਫਲ—ਗ਼ਾਫ਼ਲ, ਬੇ-ਫ਼ਿਕਰ। ਸੰਗ ਹੀ—ਸੰਗਿ ਹੀ, ਨਾਲ ਹੀ {ਲਫ਼ਜ਼ 'ਸੰਗਿ' ਦੀ 'ਿ' ਕ੍ਰਿਆ ਵਿਸ਼ੇਸ਼ਣ 'ਹੀ' ਦੇ ਕਾਰਨ ਉੱਡ ਗਈ ਹੈ}। ਸੰਗਿ—ਨਾਲ।1। ਰਹਾਉ।

ਸੁਤ—ਪੁੱਤਰ। ਬੰਧ ਜਨ—ਰਿਸ਼ਤੇਦਾਰ। ਹਿਤੁ—ਪਿਆਰ। ਜਾ ਸਿਉ—ਜਿਨ੍ਹਾਂ ਨਾਲ। ਜੀਉ—ਜਿੰਦ। ਛੂਟਿਓ—ਨਿਕਲ ਜਾਂਦੀ ਹੈ। ਦੇਹ ਤੇ—ਸਰੀਰ ਵਿਚੋਂ। ਤੇ—ਤੋਂ, ਵਿਚੋਂ। ਡਰਿ ਦੀਨਾ—ਸੁੱਟ ਦਿੱਤਾ। ਅਗਨਿ ਮਹਿ—ਅੱਗ ਵਿਚ।1।

ਜੀਵਤ ਲਉ—ਜ਼ਿੰਦਗੀ ਤਕ। ਲਉ—ਤਕ। ਬਿਉਹਾਰੁ—ਵਰਤਣ-ਵਿਹਾਰ। ਜਗ ਕਉ—ਜਗਤ ਨੂੰ। ਜਾਨਉ—ਜਾਨਹੁ, ਸਮਝੋ। ਸਮਾਨਉ—ਸਮਾਨ, ਵਰਗਾ।2।

ਅਰਥ:- ਹੇ ਮਨ! ਹੋਸ਼ ਕਰ, ਹੋਸ਼ ਕਰ! ਤੂੰ ਕਿਉਂ (ਮਾਇਆ ਦੇ ਮੋਹ ਵਿਚ) ਬੇ-ਪਰਵਾਹ ਹੋ ਕੇ ਸੌਂ ਰਿਹਾ ਹੈਂ? (ਵੇਖ,) ਜੇਹੜਾ (ਇਹ) ਸਰੀਰ (ਮਨੁੱਖ ਦੇ) ਨਾਲ ਹੀ ਪੈਦਾ ਹੁੰਦਾ ਹੈ; ਇਹ ਭੀ (ਆਖ਼ਰ) ਨਾਲ ਨਹੀਂ ਜਾਂਦਾ।1। ਰਹਾਉ।

ਹੇ ਮਨ! (ਵੇਖ,) ਮਾਂ, ਪਿਉ, ਪੁੱਤਰ, ਰਿਸ਼ਤੇਦਾਰ—ਜਿਨ੍ਹਾਂ ਨਾਲ ਮਨੁੱਖ (ਸਾਰੀ ਉਮਰ) ਪਿਆਰ ਕਰਦਾ ਰਹਿੰਦਾ ਹੈ, ਜਦੋਂ ਜਿੰਦ ਸਰੀਰ ਵਿਚੋਂ ਵੱਖ ਹੁੰਦੀ ਹੈ, ਤਦੋਂ (ਉਹ ਸਾਰੇ ਰਿਸ਼ਤੇਦਾਰ, ਉਸ ਦੇ ਸਰੀਰ ਨੂੰ) ਅੱਗ ਵਿਚ ਪਾ ਦੇਂਦੇ ਹਨ।1।

ਹੇ ਨਾਨਕ! (ਆਖ—ਹੇ ਮਨ!) ਜਗਤ ਨੂੰ ਤੂੰ ਇਉਂ ਹੀ ਸਮਝ (ਕਿ ਇਥੇ) ਜ਼ਿੰਦਗੀ ਤਕ ਹੀ ਵਰਤਣ-ਵਿਹਾਰ ਰਹਿੰਦਾ ਹੈ। ਉਂਞ, ਇਹ ਸਾਰਾ ਸੁਪਨੇ ਵਾਂਗ ਹੀ ਹੈ। (ਇਸ ਵਾਸਤੇ ਜਦ ਤਕ ਜੀਊਂਦਾ ਹੈਂ) ਪਰਮਾਤਮਾ ਦੇ ਗੁਣ ਗਾਂਦਾ ਰਹੁ।2। 2।